ਨੰ : ਸੀ. ਸਹਾਇਕ (ਅਮਲਾ)/ਆਰ. ਟੀ. ਆਈ. ਅਪੀਲ/ਸੰ:ਰ:ਜ:/605 ਮਿਤੀ : 24.07.2020
ਵਲੋਂ,

ਸੰਯੁਕਤ ਰਜਿਸਟਰਾਰ,
ਸਹਿਕਾਰੀ ਸਭਾਵਾਂ, ਜਲੰਧਰ ਮੰਡਲ, ਜਲੰਧਰ।

ਸੇਵਾ ਵਿਖੇ,

ਰਜਿਸਟਰਾਰ,
ਸਹਿਕਾਰੀ ਸਭਾਵਾਂ, ਪੰਜਾਬ,
ਚੰਡੀਗੜ।

ਵਿਸ਼ਾ :- ਆਰ. ਟੀ. ਆਈ. ਐਕਟ-2005 ਤਹਿਤ ਦਾਇਰ ਕੀਤੀ ਗਈ ਅਪੀਲ ਦਾ ਫੈਸਲਾ ਆੱਨ-ਲਾਈਨ ਕਰਨ ਬਾਰੇ।

**ਯਾਦ ਪੱਤਰ :**

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਬੇਨਤੀ ਸਹਿਤ ਸੂਚਿਤ ਕੀਤਾ ਜਾਂਦਾ ਹੈ ਕਿ ਸ੍ਰੀ ਅੱਛਰ ਸਿੰਘ ਪੁੱਤਰ ਸ੍ਰੀ ਰਤਨ ਚੰਦ, ਪਿੰਡ ਤੇ ਡਾਕ: ਕੂਕਾਨੇਟ, ਜ਼ਿਲ੍ਹਾ ਹੁਸ਼ਿਆਰਪੁਰ ਵਲੋਂ ਰਾਈਟ ਟੂ ਇਨਫਰਮੇਸ਼ਨ ਐਕਟ-2005 ਤਹਿਤ ਸੂਚਨਾ ਲੈਣ ਵਾਸਤੇ ਦਿੱਤੀ ਗਈ ਦਰਖਾਸਤ ਰਾਹੀਂ ਮੰਗੀ ਗਈ ਸੂਚਨਾ ਉਸਨੂੰ ਨਾ ਮਿਲਣ ਕਾਰਨ ਇਸ ਅਦਾਲਤ ਵਿੱਚ ਅਪੀਲ ਦਾਇਰ ਕੀਤੀ ਗਈ ਸੀ। ਇਸ ਅਪੀਲ ਦਾ ਫੈਸਲਾ ਇਸ ਅਦਾਲਤ ਵਲੋਂ ਮਿਤੀ : 03.07.2020 ਨੂੰ ਕਰ ਦਿੱਤਾ ਗਿਆ ਹੈ।

ਡਾਇਰੈਕਟੋਰੇਟ, ਪ੍ਰਸ਼ਾਸਨਿਕ ਸੁਧਾਰ, ਪੰਜਾਬ (ਆਰ. ਟੀ. ਆਈ. ਨੋਡਲ ਸੈਲ-ਪੰਜਾਬ ਸਿਵਲ ਸਕੱਤਰੇਤ-2) ਸੈਕਟਰ-9, ਚੰਡੀਗੜ ਜੀ ਵਲੋਂ ਜਾਰੀ ਪੱਤਰ ਨੰ : ਅੰ. ਵਿ ਪੱ ਨੰ: 51/8/2014/2 ਆਰ. ਟੀ. ਆਈ. ਐਨ. ਸੀ. / 162, ਮਿਤੀ : 29.06.2015, ਜੋ ਮੁੱਖ-ਦਫਤਰ ਦੇ ਪਿੱਠ ਅੰਕਣ ਨੰ : ਅਮਲਾ/ ਅਸਗ-2/ ਆਰ. ਟੀ. ਆਈ. / 7698, ਮਿਤੀ : 29.06.2015 ਰਾਹੀਂ ਇਸ ਦਫਤਰ ਵਿੱਚ ਪ੍ਰਾਪਤ ਹੋਇਆ, ਰਾਹੀਂ ਜਾਰੀ ਹਦਾਇਤਾਂ ਦੀ ਪਾਲਣਾ ਕਰਦੇ ਹੋਏ ਸ੍ਰੀ ਅੱਛਰ ਸਿੰਘ (ਅਪੀਲਕਰਤਾ) ਵਲੋਂ ਦਾਇਰ ਕੀਤੀ ਗਈ ਅਪੀਲ ਅਤੇ ਇਸ ਅਦਾਲਤ ਵਲੋਂ ਕੀਤੇ ਗਏ ਫੈਸਲਾ ਮਿਤੀ : 03.07.2020 ਦੀ ਤਸਦੀਕਸ਼ੁਦਾ ਕਾਪੀ ਇਸ ਪੱਤਰ ਨਾਲ ਨੱਥੀ ਭੇਜਦੇ ਹੋਏ ਬੇਨਤੀ ਕੀਤੀ ਜਾਂਦੀ ਹੈ ਕਿ ਇਹ ਦਸਤਾਵੇਜ਼ ਵਿਭਾਗ ਦੀ ਵੈਬ-ਸਾਈਟ ਤੇ ਆੱਨ-ਲਾਈਨ ਕਰਨ ਦੀ ਕ੍ਰਿਪਾਲਤਾ ਕੀਤੀ ਜਾਵੇ ਜੀ।

ਸਹਿਪੱਤਰ/ ਉਪਰੋਕਤ ਅਨੁਸਾਰ।

ਸੰਯੁਕਤ ਰਜਿਸਟਰਾਰ
(ਐਪੀਲਾਂਟ ਅਥਾਰਟੀ)
ਸਹਿਕਾਰੀ ਸਭਾਵਾਂ, ਜਲੰਧਰ ਮੰਡਲ, ਜਲੰਧਰ।

14 AUG 2020
E-269735
ਆਰ. ਟੀ. ਆਈ. ਸ਼ਾਖਾ
ਡਾਇਰੀ ਨੰ. 580
ਮਿਤੀ: 28-8-2020

ਨੰ : ਸੀ.ਸਹਾਇਕ (ਅਮਲਾ)/ ਸੰ:ਰ:ਜ:/ 3351-52
ਵਲੋਂ,

ਮਿਤੀ : 24-07-2020.

ਸੰਯੁਕਤ ਰਜਿਸਟਰਾਰ,
ਸਹਿਕਾਰੀ ਸਭਾਵਾਂ, ਜਲੰਧਰ ਮੰਡਲ, ਜਲੰਧਰ।

ਵੱਲ,

1. ਸ੍ਰੀ ਅੱਛਰ ਸਿੰਘ ਪੁੱਤਰ ਸ੍ਰੀ ਰਤਨ ਚੰਦ,
   ਪਿੰਡ ਤੇ ਡਾਕ: ਕੂਕਾਨੇਟ, ਜ਼ਿਲ੍ਹਾ ਹੁਸ਼ਿਆਰਪੁਰ।
2. ਉਪ-ਰਜਿਸਟਰਾਰ (ਪਬਲਿਕ ਇਨਫਰਮੇਸ਼ਨ ਅਫਸਰ),
   ਸਹਿਕਾਰੀ ਸਭਾਵਾਂ, ਹੁਸ਼ਿਆਰਪੁਰ।

ਵਿਸ਼ਾ :- ਰਾਈਟ ਟੂ ਇਨਫਰਮੇਸ਼ਨ ਐਕਟ-2005 ਦੇ ਸੈਕਸ਼ਨ 19 ਤਹਿਤ ਅਪੀਲ (ਵਲੋਂ ਸ੍ਰੀ ਅੱਛਰ ਸਿੰਘ ਪੁੱਤਰ ਸ੍ਰੀ ਰਤਨ ਚੰਦ)।

ਹਾਜ਼ਰੀ ਮਿਤੀ : 03.07.2020 :

ਸ੍ਰੀ ਅਨੁਜ ਸ਼ਰਮਾ, ਜੂਨੀਅਰ ਸਹਾਇਕ ਦਫਤਰ ਉਪ-ਰਜਿਸਟਰਾਰ, (ਪਬਲਿਕ ਇਨਫਰਮੇਸ਼ਨ ਅਫਸਰ) ਸਹਿਕਾਰੀ ਸਭਾਵਾਂ ਹੁਸ਼ਿਆਰਪੁਰ।

ਹੁਕਮ :

ਮਿਸਲ ਸੁਣਵਾਈ ਲਈ ਪੇਸ਼ ਹੋਈ। ਅਪੀਲਕਰਤਾ ਵਲੋਂ ਰਾਈਟ ਟੂ ਇਨਫਰਮੇਸ਼ਨ ਐਕਟ - 2005 ਤਹਿਤ ਸੂਚਨਾ ਲੈਣ ਵਾਸਤੇ ਦਿੱਤੀ ਗਈ ਦਰਖਾਸਤ ਰਾਹੀਂ ਉਪ-ਰਜਿਸਟਰਾਰ (ਪਬਲਿਕ ਇਨਫਰਮੇਸ਼ਨ ਅਫਸਰ), ਸਹਿਕਾਰੀ ਸਭਾਵਾਂ, ਹੁਸ਼ਿਆਰਪੁਰ ਪਾਸੋਂ ਦੀ ਕੂਕਾਨੇਟ ਬਹੁਮੰਤਵੀ ਸਹਿਕਾਰੀ ਖੇਤੀਬਾੜੀ ਬਹੁਮੰਤਵੀ ਸੇਵਾ ਸਭਾ ਲਿਮ:, ਕੂਕਾਨੇਟ, ਤਹਿ: ਤੇ ਜ਼ਿਲ੍ਹਾ ਹੁਸ਼ਿਆਰਪੁਰ ਨਾਲ ਸਬੰਧਤ ਸੂਚਨਾ ਉਸਨੂੰ ਪ੍ਰਾਪਤ ਨਾ ਹੋਣ ਕਾਰਨ ਇਸ ਅਦਾਲਤ ਵਿੱਚ ਅਪੀਲ ਦਾਇਰ ਕੀਤੀ ਗਈ। ਪ੍ਰਾਰਥੀ ਵਲੋਂ ਅਪੀਲ ਰਾਹੀਂ ਬੇਨਤੀ ਕੀਤੀ ਗਈ ਹੈ ਕਿ ਸਹਾਇਕ ਰਜਿਸਟਰਾਰ ਸਹਿਕਾਰੀ ਸਭਾਵਾਂ ਹੁਸ਼ਿਆਰਪੁਰ ਵਲੋਂ ਉਨ੍ਹਾਂ ਦੇ ਪੱਤਰ ਨੰ : ਸੁਪਰਡੈਂਟ/ ਸਰਹ/ 59, ਮਿਤੀ : 03.02.2020 ਰਾਹੀਂ ਪ੍ਰਧਾਨ ਸਭਾ ਵਲੋਂ ਭੇਜਿਆ ਗਿਆ ਪੱਤਰ ਮਿਤੀ : 22.01.2020 ਅਤੇ ਸਭਾ ਵਲੋਂ ਪਾਸ ਕੀਤਾ ਗਿਆ ਮਤਾ ਮਿਤੀ : 22.01.2020 ਪ੍ਰਾਰਥੀ ਨੂੰ ਭੇਜਦੇ ਹੋਏ ਉਸ ਵਲੋਂ ਮੰਗੀ ਗਈ ਸੂਚਨਾ ਦੇਣ ਤੋਂ ਇਨਕਾਰ ਕੀਤਾ ਗਿਆ ਹੈ ਅਤੇ ਲਿਖਿਆ ਗਿਆ ਹੈ ਕਿ ਇਹ ਸਭਾ ਆਰ.ਟੀ.ਆਈ. ਐਕਟ-2005 ਅਧੀਨ ਨਹੀਂ ਆਉਂਦੀ ਹੈ।

ਉੱਕਤ ਅਪੀਲ ਦੀ ਸੁਣਵਾਈ ਵਾਸਤੇ ਦੋਵਾਂ ਧਿਰਾਂ ਨੂੰ ਨੋਟਿਸ ਜਾਰੀ ਕੀਤਾ ਗਿਆ ਅਤੇ ਵੱਖ-ਵੱਖ ਮਿਤੀਆਂ ਨੂੰ ਅਪੀਲ ਦੀ ਸੁਣਵਾਈ ਕੀਤੀ ਗਈ।

ਮਿਤੀ : 17.03.2020 ਨੂੰ ਅਪੀਲ ਦੀ ਸੁਣਵਾਈ ਦੌਰਾਨ ਉਪ-ਰਜਿਸਟਰਾਰ (ਪਬਲਿਕ ਇਨਫਰਮੇਸ਼ਨ ਅਫਸਰ), ਸਹਿਕਾਰੀ ਸਭਾਵਾਂ, ਹੁਸ਼ਿਆਰਪੁਰ ਨੂੰ ਹਦਾਇਤ ਕੀਤੀ ਗਈ ਕਿ ਪ੍ਰਾਰਥੀ ਵਲੋਂ ਪ੍ਰਾਰਥੀ ਵਲੋਂ ਸੂਚਨਾ ਲੈਣ ਵਾਸਤੇ ਦਿੱਤੀ ਗਈ ਦਰਖਾਸਤ ਅਨੁਸਾਰ ਜਿਹੜੀ ਵੀ ਸੂਚਨਾ ਰੂਲਾਂ ਅਨੁਸਰ ਪ੍ਰਾਰਥੀ ਨੂੰ ਡਲਿਵਰ ਕਰਵਾਈ ਜਾ ਸਕਦੀ ਹੈ, ਸਪਲਾਈ ਕਰਕੇ ਅਗਲੀ ਸੁਣਵਾਈ ਸਮੇਂ ਇਸ ਨਾਲ ਸਬੰਧਤ ਰੀਕਾਰਡ ਅਤੇ ਜਵਾਬ ਪੇਸ਼ ਕੀਤਾ ਜਾਵੇ।

ਕੋਵਿਡ-2019 ਮਹਾਂਮਾਰੀ ਕਾਰਨ ਮਿਤੀ : 23.03.2020 ਤੋਂ ਲੌਕਡਾਊਨ/ ਕਰਫਿਊ ਲੱਗਣ ਕਾਰਨ ਇਸ ਅਪੀਲ ਦੀ ਸੁਣਵਾਈ ਨਹੀਂ ਹੋ ਸਕੀ। ਸਰਕਾਰ ਵਲੋਂ ਲੌਕਡਾਊਨ

........2........

5.0 ਲਾਗੂ ਕੀਤੇ ਜਾਣ ਤੇ ਪਬਲਿਕ ਨੂੰ ਬਹੁਤ ਸਾਰੀਆਂ ਸਹੂਲਤਾਂ ਦਿੱਤੀਆਂ ਗਈਆਂ, ਜਿਸ ਅਨੁਸਾਰ ਮਿਤੀ : 17.06.2020 ਤੋਂ ਅਪੀਲ ਦੀ ਸੁਣਵਾਈ ਦੋਬਾਰਾ ਸ਼ੁਰੂ ਕੀਤੀ ਗਈ।

ਮਿਤੀ : 17.06.2020 ਨੂੰ ਉਪ-ਰਜਿਸਟਰਾਰ (ਪਬਲਿਕ ਇਨਫਰਮੇਸ਼ਨ ਅਫਸਰ), ਸਹਿਕਾਰੀ ਸਭਾਵਾਂ, ਹੁਸ਼ਿਆਰਪੁਰ ਦਫਤਰ ਵਲੋਂ ਹਾਜਰ ਆਏ ਕਰਮਚਾਰੀ ਵਲੋਂ ਦਫਤਰ ਦੇ ਪੱਤਰ ਨੰ : 202, ਮਿਤੀ : 16.06.2020 ਰਾਹੀਂ ਰਿਪੋਰਟ ਕੀਤੀ ਗਈ ਕਿ ਪ੍ਰਾਰਥੀ ਨੂੰ ਸਾਲ 31.03.2014, 31.03.2015 ਅਤੇ 31.03.2016 ਦੇ ਆਡਿਟ ਨੋਟਾਂ ਦੀਆਂ ਕਾਪੀਆਂ ਸਪਲਾਈ ਕੀਤੀਆਂ ਜਾ ਚੁੱਕੀਆਂ ਹਨ। ਸੁਣਵਾਈ ਦੌਰਾਨ ਉਪ-ਰਜਿਸਟਰਾਰ (ਪਬਲਿਕ ਇਨਫਰਮੇਸ਼ਨ ਅਫਸਰ), ਸਹਿਕਾਰੀ ਸਭਾਵਾਂ, ਹੁਸ਼ਿਆਰਪੁਰ ਨੂੰ ਹਦਾਇਤ ਕੀਤੀ ਗਈ ਕਿ ਪ੍ਰਾਰਥੀ ਵਲੋਂ ਦਿੱਤੀ ਗਈ ਦਰਖਾਸਤ ਅਨੁਸਾਰ ਉਸਨੂੰ ਮੁਕੰਮਲ ਸੂਚਨਾ ਮੁਹੱਈਆ ਕਰਵਾਉਣੀ ਯਕੀਨੀ ਬਣਾਈ ਜਾਵੇ ਅਤੇ ਅਗਲੀ ਮਿਤੀ ਨੂੰ ਇਸ ਨਾਲ ਸਬੰਧਤ ਰੀਕਾਰਡ ਪੇਸ਼ ਕੀਤਾ ਜਾਵੇ।

ਮਿਤੀ : 03.07.2020 ਨੂੰ ਅਪੀਲ ਦੀ ਸੁਣਵਾਈ ਦੌਰਾਨ ਉਪ-ਰਜਿਸਟਰਾਰ (ਪਬਲਿਕ ਇਨਫਰਮੇਸ਼ਨ ਅਫਸਰ), ਸਹਿਕਾਰੀ ਸਭਾਵਾਂ, ਹੁਸ਼ਿਆਰਪੁਰ ਦਫਤਰ ਵਲੋਂ ਹਾਜਰ ਆਏ ਕਰਮਚਾਰੀ ਵਲੋਂ ਦਫਤਰ ਦੇ ਪੱਤਰ ਨੰ : ਸੁਪਰਡੈਂਟ/ ਡੀ.ਆਰ.ਐਚ./ 322, ਮਿਤੀ : 03.07.2020 ਰਾਹੀਂ ਰਿਪੋਰਟ ਕੀਤੀ ਗਈ ਕਿ ਪ੍ਰਾਰਥੀ ਵਲੋਂ ਸੂਚਨਾ ਲੈਣ ਵਾਸਤੇ ਦਿੱਤੀ ਗਈ ਦਰਖਾਸਤ ਅਨੁਸਾਰ ਸਾਲ 31.03.2014, 31.03.2015 ਅਤੇ 31.03.2016 ਦੇ ਆਡਿਟ ਨੋਟ ਉਸਨੂੰ ਸਪਲਾਈ ਕੀਤੇ ਜਾ ਚੁੱਕੇ ਹਨ। ਇਸ ਤੋਂ ਇਲਾਵਾ 01.04.2001 ਤੋਂ 31.03.2015 ਦੇ ਆਡਿਟ ਨੋਟ ਆਡਿਟ ਅਫਸਰ ਸਹਿਕਾਰੀ ਸਭਾਵਾਂ ਹੁਸ਼ਿਆਰਪੁਰ ਵਲੋਂ ਸਹਾਇਕ ਰਜਿਸਟਰਾਰ (ਅਸਿਸਟੈਂਟ ਪਬਲਿਕ ਇਨਫਰਮੇਸ਼ਨ ਅਫਸਰ) ਸਹਿਕਾਰੀ ਸਭਾਵਾਂ ਹੁਸ਼ਿਆਰਪੁਰ ਦਫਤਰ ਵਿੱਚ ਪ੍ਰਾਪਤ ਹੋ ਚੁੱਕੇ ਹਨ। ਸਹਾਇਕ ਰਜਿਸਟਰਾਰ (ਅਸਿਸਟੈਂਟ ਪਬਲਿਕ ਇਨਫਰਮੇਸ਼ਨ ਅਫਸਰ) ਸਹਿਕਾਰੀ ਸਭਾਵਾਂ ਹੁਸ਼ਿਆਰਪੁਰ ਦਫਤਰ ਵਲੋਂ ਮਿਤੀ : 02.07.2020 ਨੂੰ ਟੈਲੀਫੋਨ ਰਾਹੀਂ ਪ੍ਰਾਰਥੀ ਨੂੰ ਸੂਚਿਤ ਕੀਤਾ ਗਿਆ ਕਿ ਆਡਿਟ ਨੋਟਾਂ ਦੀ ਬਣਦੀ ਸਰਕਾਰੀ ਫੀਸ ਜਮਾਂ ਕਰਵਾ ਕੇ ਸੂਚਨਾ ਪ੍ਰਾਪਤ ਕਰ ਲਈ ਜਾਵੇ। ਪ੍ਰਾਰਥੀ ਵਲੋਂ ਜਵਾਬ ਵਿੱਚ ਕਿਹਾ ਗਿਆ ਕਿ ਕੋਵਿਡ-2019 ਕਰਕੇ ਉਹ ਦਫਤਰ ਆ ਕੇ ਸੂਚਨਾ ਪ੍ਰਾਪਤ ਨਹੀਂ ਕਰ ਸਕਦੇ। ਸਹਾਇਕ ਰਜਿਸਟਰਾਰ (ਅਸਿਸਟੈਂਟ ਪਬਲਿਕ ਇਨਫਰਮੇਸ਼ਨ ਅਫਸਰ) ਸਹਿਕਾਰੀ ਸਭਾਵਾਂ ਹੁਸ਼ਿਆਰਪੁਰ ਦੇ ਪੱਤਰ ਨੰ : ਸੁਪਰਡੈਂਟ/ ਸਰਹ/ 2785, ਮਿਤੀ : 02.07.2020 ਰਾਹੀਂ ਵੀ ਪ੍ਰਾਰਥੀ ਨੂੰ ਸੂਚਿਤ ਕੀਤਾ ਗਿਆ ਕਿ ਆਡਿਟ ਨੋਟਾਂ ਦੀ ਬਣਦੀ ਸਰਕਾਰੀ ਫੀਸ ਜਮਾਂ ਮੁਬਲਗ 1,502/-ਰੁਪੈ ਅਤੇ ਪੋਸਟਲ ਖਰਚਾ ਲਗਭਗ 300/-ਰੁਪੈ ਜਮਾਂ ਕਰਵਾ ਕੇ ਸੂਚਨਾ ਪ੍ਰਾਪਤ ਕਰ ਲਈ ਜਾਵੇ।

ਅਪੀਲਕਰਤਾ ਵਲੋਂ ਸੂਚਨਾ ਲੈਣ ਵਾਸਤੇ ਦਿੱਤੀ ਗਈ ਦਰਖਾਸਤ ਅਨੁਸਾਰ ਮੰਗੀ ਗਈ ਸੂਚਨਾ ਸਹਾਇਕ ਰਜਿਸਟਰਾਰ (ਅਸਿਸਟੈਂਟ ਪਬਲਿਕ ਇਨਫਰਮੇਸ਼ਨ ਅਫਸਰ) ਸਹਿਕਾਰੀ ਸਭਾਵਾਂ ਹੁਸ਼ਿਆਰਪੁਰ ਵਲੋਂ ਤਿਆਰ ਕੀਤੀ ਜਾ ਚੁੱਕੀ ਹੈ। ਇਹ ਸੂਚਨਾ ਪ੍ਰਾਰਥੀ ਵਲੋਂ ਬਣਦੀ ਸਰਕਾਰੀ ਫੀਸ ਜਮਾਂ ਕਰਵਾ ਕੇ ਕਿਸੇ ਵੀ ਕੰਮ ਵਾਲੇ ਦਿਨ ਦਫਤਰੀ ਸਮੇਂ ਵਿੱਚ ਹਾਜਰ ਆ ਕੇ ਪ੍ਰਾਪਤ ਕੀਤੀ ਜਾ ਸਕਦੀ ਹੈ। ਉਪ-ਰਜਿਸਟਰਾਰ (ਪਬਲਿਕ ਇਨਫਰਮੇਸ਼ਨ ਅਫਸਰ), ਸਹਿਕਾਰੀ ਸਭਾਵਾਂ, ਹੁਸ਼ਿਆਰਪੁਰ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਪ੍ਰਾਰਥੀ ਵਲੋਂ ਮੰਗੀ ਗਈ ਸੂਚਨਾ ਜੋ ਕਿ ਸਹਾਇਕ ਰਜਿਸਟਰਾਰ (ਅਸਿਸਟੈਂਟ ਪਬਲਿਕ ਇਨਫਰਮੇਸ਼ਨ ਅਫਸਰ) ਸਹਿਕਾਰੀ ਸਭਾਵਾਂ ਹੁਸ਼ਿਆਰਪੁਰ ਵਲੋਂ ਤਿਆਰ ਕੀਤੀ ਜਾ ਚੁੱਕੀ ਹੈ, ਰੂਲਾਂ ਅਨੁਸਾਰ ਪ੍ਰਾਰਥੀ ਨੂੰ ਤੁਰੰਤ ਡਲਿਵਰ ਕਰਵਾਉਣੀ ਯਕੀਨੀ ਬਣਾਈ ਜਾਵੇ। ਅਪੀਲ ਡਿਸਪੋਜ਼ ਆਫ ਕੀਤੀ ਜਾਂਦੀ ਹੈ।

ਮਿਤੀ : 03.07.2020.

(ਐਪੀਲਾਂਟ ਅਥਾਰਟੀ)
ਸੰਯੁਕਤ ਰਜਿਸਟਰਾਰ,
ਸਹਿਕਾਰੀ ਸਭਾਵਾਂ, ਜਲੰਧਰ ਮੰਡਲ, ਜਲੰਧਰ।